# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸੰਗਰੂਰ

## ਪੰਜਾਬ ਆਈ.ਸੀ.ਟੀ. ਸਿੱਖਿਆ ਸੁਸਾਇਟੀ

**ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ (148001) ਪੰਜਾਬ**

---

ਸੇਵਾ ਵਿਖੇ

ਸਮੂਹ ਸਕੂਲ ਮੁਖੀ
ਸਸਸਸ/ ਸਹਸ
ਜਿਲ੍ਹਾ ਸੰਗਰੂਰ

ਪੱਤਰ ਨੰ .ਆਈ.ਸੀ.ਟੀ./ਕੰਪਿ. ਫੈਕ./ਏਰੀਅਰ/2019/
ਮਿਤੀ ਸੰਗਰੂਰ 01.04.2019

**ਵਿਸ਼ਾ:** **ਕੰਪਿਊਟਰ ਫੈਕਲਟੀਜ਼ ਦੀ ਫਰਵਰੀ 2019 ਮਹੀਨੇ ਦੀ ਡੀ.ਏ. ਏਰੀਅਰ (7%) ਅਤੇ ਇੰਕ੍ਰੀਮੈਂਟ ਏਰੀਅਰ ਦੀ ਡਿਮਾਂਡ ਭੇਜਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਇਸ ਜ਼ਿਲ੍ਹੇ ਵਿੱਚ ਕੰਮ ਕਰਦੇ ਸਮੂਹ ਕੰਪਿਊਟਰ ਫੈਕਲਟੀਜ਼ ਦੀ ਫਰਵਰੀ 2019 ਮਹੀਨੇ ਦੀ ਸੈਲਰੀ 139% ਡੀ.ਏ. ਦੀ ਜਗ੍ਹਾਂ 132% ਡੀ.ਏ. ਨਾਲ ਟ੍ਰਾਂਸਫਰ ਕੀਤੀ ਗਈ ਸੀ। ਇਸ ਲਈ ਡੀ.ਏ. ਦਾ 7% ਦੀ ਦਰ ਨਾਲ ਏਰੀਅਰ ਦੇਣਾ ਬਣਦਾ ਹੈ। ਉਹ ਕੰਪਿਊਟਰ ਫੈਕਲਟੀਜ਼ ਜਿਨ੍ਹਾਂ ਨੂੰ ਜਨਵਰੀ ਮਹੀਨੇ ਵਿੱਚ ਸਲਾਨਾ ਤਰੱਕੀ ਲਗਦੀ ਹੈ, ਨੂੰ ਫਰਵਰੀ ਮਹੀਨੇ ਦੀ ਤਨਖ਼ਾਹ ਬਿਨ੍ਹਾਂ ਸਲਾਨਾ ਤਰੱਕੀ (ਭਾਵ ਦਸੰਬਰ 2018 ਦੀ ਸੈਲਰੀ ਦੇ ਹਿਸਾਬ ਨਾਲ) ਦੇ ਟ੍ਰਾਂਸਫਰ ਕੀਤੀ ਗਈ ਸੀ, ਇਸ ਲਈ ਇਹਨਾਂ ਕੰਪਿਊਟਰ ਫੈਕਲਟੀਜ਼ ਨੂੰ ਸਲਾਨਾ ਤਰੱਕੀ ਦਾ ਏਰੀਅਰ ਵੀ ਦੇਣਾ ਬਣਦਾ ਹੈ। ਉਪਰੋਕਤ ਦੋਨੋਂ ਏਰੀਅਰਜ਼ ਸਬੰਧੀ ਜ਼ਿਲ੍ਹੇ ਦੀ ਵੈਬਸਾਈਟ ਤੇ ਇੱਕ ਫਾਰਮ ਬਣਾ ਕੇ ਅਪਲੋਡ ਕੀਤਾ ਗਿਆ ਹੈ ਅਤੇ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਏਰੀਅਰ ਸਬੰਧੀ ਸੂਚਨਾ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਮਿਤੀ 05.04.2019 ਤੱਕ ਜ਼ਿਲ੍ਹੇ ਦੀ ਵੈਬਸਾਈਟ ਤੇ ਪਾਏ ਫਾਰਮ ਵਿੱਚ ਭਰੀ ਜਾਵੇ।

ਦੇਰੀ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.)
ਸੰਗਰੂਰ

Scanned by CamScanner